ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 2| Apr.-June 2026

ISSN: 2583-9446 (O)
Paper Id: ARMN040206
Available online at: www.armaan.org.in
DOI: https://doi.org/10.64119/armaan.vol4.issue2.06

# ਭਗਤ ਰਵਿਦਾਸ ਬਾਣੀ: ਆਦਰਸ਼ਕ ਸਮਾਜ ਸਿਰਜਣਾ ਦਾ ਮਾਡਲ

# Bhagat Ravidas Bani: Aadarshak Samaaj Sirjana Da Model

**ਡਾ. ਬੀਰਬਲ ਸਿੰਘ (Dr. Birbal Singh)**
ਸਹਾਇਕ ਪ੍ਰੋਫੈਸਰ, ਪੰਜਾਬੀ (Assistant Professor in Punjabi)
ਖਾਲਸਾ ਤ੍ਰੈ-ਸ਼ਤਾਬਦੀ ਸਰਕਾਰੀ ਕਾਲਜ ਰਤੀਆ, ਜਿਲ੍ਹਾ-ਫਤਿਹਾਬਾਦ (ਹਰਿਆਣਾ)-125051
Email ID: dr.birbalsingh18@gmail.com

**ਸਾਰ (Abstract)**

*ਭਗਤੀ ਕਾਵਿਧਾਰਾ ਮੱਧਕਾਲੀ ਪੰਜਾਬੀ ਸਾਹਿਤ ਸੱਭਿਆਚਾਰ ਦੀ ਅਤਿਅੰਤ ਗੌਰਵਮਈ, ਬੜੀ ਅਮੀਰ, ਵਿਸ਼ਾਲ, ਵਿਲੱਖਣ ਅਤੇ ਮਹਾਨ ਕਾਵਿ ਪਰੰਪਰਾ ਹੈ। ਇਹ ਕਾਵਿ ਪਰੰਪਰਾ ਦਾ ਸਿਰਫ਼ ਪੰਜਾਬੀ ਸਾਹਿਤ ਪਰੰਪਰਾ ਵਿੱਚ ਹੀ ਨਹੀਂ ਬਲਕਿ ਸਮੁੱਚੇ ਵਿਸ਼ਵ ਧਰਮ ਚਿੰਤਨ ਵਿੱਚ ਮਹੱਤਵਪੂਰਨ ਅਤੇ ਵਿਸ਼ੇਸ਼ ਸਥਾਨ ਹੈ। ਇਸ ਕਾਵਿਧਾਰਾ ਵਿੱਚ ਧਾਰਮਿਕਤਾ ਅਤੇ ਕਾਵਿਕਤਾ ਦਾ ਅਨੋਖਾ ਸੁਮੇਲ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਕਾਵਿ ਧਾਰਾ ਦੇ ਅੰਤਰਗਤ ਭਗਤ ਕਵੀਆਂ ਨੇ ਮਨੁੱਖੀ ਜੀਵਨ ਦੇ ਯਥਾਰਥ ਨੂੰ ਪਰਮਾਰਥ ਦੇ ਮੁਹਾਵਰੇ ਰਾਹੀਂ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ। ਗੁਰੂ ਰਵਿਦਾਸ ਜੀ ਦੀ ਰਚਨਾ ਲੋਕ ਜੀਵਨ ਨਾਲ ਜੁੜੀ ਹੋਈ ਹੈ ਜਿਸ ਵਿੱਚ ਜੀਵਨ ਦੇ ਮਹਾਨ ਆਦਰਸ਼ ਸਮਾਏ ਹੋਏ ਹਨ। ਇਹ ਰਚਨਾ ਵਿਅਕਤੀ ਨੂੰ ਆਦਰਸ਼ ਆਸ਼ੇ ਦੇ ਅਨੁਕੂਲ ਸਵੈਮਾਣ ਨਾਲ ਜੀਵਨ ਜੀਣ ਲਈ ਪ੍ਰੇਰਿਤ ਕਰਦੀ ਹੈ। ਅਜਿਹਾ ਜੀਵਨ ਜਿਉਣ ਵਾਲਾ ਵਿਅਕਤੀ ਧਾਰਮਿਕ ਕੱਟੜਤਾ, ਸੰਕੀਰਣਤਾ, ਵਿਖਾਵੇ ਤੇ ਭੇਖ ਪਾਖੰਡ ਤੋਂ ਮੁਕਤ ਹੁੰਦਾ ਹੈ। ਉਹ ਸਮੁੱਚੀ ਮਨੁੱਖਤਾ ਨਾਲ ਭਰਾਤ੍ਰੀਭਾਵ ਅਤੇ ਮਾਨਵਤਾ ਵਾਲਾ ਵਿਹਾਰ ਕਰਦਾ ਹੈ। ਗੁਰੂ ਰਵਿਦਾਸ ਜੀ ਆਪਣੀ ਬਾਣੀ ਵਿੱਚ ਇਹੋ ਜਿਹੇ ਆਦਰਸ਼ਕ ਮਨੁੱਖ ਤੱਕ ਦਾ ਸਫ਼ਰ ਤੈਅ ਕਰਨ ਲਈ ਮਨੁੱਖ ਨੂੰ ਵਾਰ-ਵਾਰ ਚੇਤੰਨ ਕਰਦੇ ਹਨ ਕਿਉਂਕਿ ਅਜਿਹੇ ਮਨੁੱਖੀ ਜੀਵਨ ਦੀ ਸਾਰਥਕਤਾ ਭੂਤ, ਵਰਤਮਾਨ ਅਤੇ ਭਵਿੱਖ ਤਿੰਨਾਂ ਕਾਲਾਂ ਵਿੱਚ ਪ੍ਰਾਸੰਗਿਕ ਹੈ।*

***ਕੀਵਰਡ (Keyword):*** *ਭਗਤੀ ਪਰੰਪਰਾ, ਗੁਰੂ ਰਵਿਦਾਸ ਜੀ, ਆਦਰਸ਼ਕ ਸਮਾਜ, ਕਲਿਆਣ, ਪਾਖੰਡਾਂ ਦਾ ਵਿਰੋਧ, ਆਤਮਕ ਬੱਲ, ਕਦਰਾਂ ਕੀਮਤਾਂ।*

ਮੱਧਕਾਲੀਨ ਭਗਤੀ ਲਹਿਰ ਭਾਰਤ ਦੇ ਇਤਿਹਾਸ ਵਿੱਚ ਵਿਲੱਖਣ ਮਹੱਤਵ ਦੀ ਧਾਰਨੀ ਹੈ। ਮੰਨੂ ਸਮ੍ਰਿਤੀ ਅਤੇ ਉਸਦੇ ਪੈਰੋਕਾਰਾਂ ਨੇ ਭਾਰਤੀ ਸਮਾਜ ਨੂੰ ਵਰਣ-ਵਿਵਸਥਾ ਦੇ ਅਧਾਰ ਤੇ ਵੱਖ-ਵੱਖ ਜਾਤੀਆਂ ਅਤੇ ਬਿਰਾਦਰੀਆਂ ਵਿੱਚ ਵੰਡਿਆ। ਉਹਨਾਂ ਨੇ ਮੱਧਕਾਲੀਨ ਭਾਰਤੀ ਲੋਕਾਂ ਦੀ ਮਾਨਸਿਕਤਾ ਵਿੱਚ ਵਰਣ-ਵਿਵਸਥਾ ਨੂੰ ਇਤਨੀ ਪ੍ਰਭਾਵੀ ਬਣਾ ਦਿੱਤਾ ਕਿ ਭਾਰਤੀ ਸੰਸਕ੍ਰਿਤੀ ਅਤੇ ਸਮਾਜ ਦੀ ਸ਼ਕਤੀ ਖੇਰੂੰ-ਖੇਰੂੰ ਹੋਣ ਲੱਗੀ। ਉਸ ਸਮੇਂ ਲੋਕਾਂ ਦੇ ਆਚਰਣ, ਵਿਹਾਰ ਅਤੇ ਮਾਨਸਿਕਤਾ ਉੱਤੇ ਵਰਣ-ਵਿਵਸਥਾ ਇਸ ਕਦਰ ਭਾਰੂ ਹੋ ਚੁੱਕੀ ਸੀ ਕਿ ਤਥਾਕਥਿਤ ਨੀਵੀਂਆਂ ਸ਼੍ਰੇਣੀਆਂ ਮਨੁੱਖ ਹੋ ਕੇ ਵੀ ਅਣ-ਮਨੁੱਖੀ ਜੀਵਨ ਜੀਣ ਦੀ ਤ੍ਰਾਸਦੀ ਭੋਗ ਰਹੀਆਂ ਸਨ। ਭਾਰਤੀ ਸਮਾਜ ਵਿੱਚ ਫੈਲ ਚੁੱਕੀ ਇਸ ਵਿਵਸਥਾ ਦੀ ਕੁਰੀਤੀ ਨੂੰ ਠੱਲ੍ਹ ਭਗਤੀ ਲਹਿਰ ਦੇ ਸੰਤਾਂ ਨੇ ਪਾਈ। ਇਸ ਲਹਿਰ ਵਿੱਚ ਹਰ ਇਲਾਕੇ ਦੇ, ਮਜ਼ਹਬ ਦੇ ਅਤੇ ਜਾਤ ਬਰਾਦਰੀ ਦੇ ਸੰਤ ਸ਼ਾਮਿਲ ਸਨ। ਉਹਨਾਂ ਨੇ ਆਪਣੇ ਅਧਿਆਤਮਕ ਅਨੁਭਵਾਂ ਨੂੰ ਬੜੇ ਸਿਰਤਮੰਦ ਤਰੀਕੇ ਨਾਲ ਲੋਕ-ਭਾਸ਼ਾ ਦੀ ਵਰਤੋਂ ਕਰਦੇ ਹੋਏ, ਵਿਦ੍ਰੋਹੀ ਸੁਰ ਵਿੱਚ ਪੇਸ਼ ਕੀਤਾ। ਇਹਨਾਂ ਸੰਤਾਂ ਨੇ ਆਪਣੀ ਬਾਣੀ ਰਾਹੀਂ ਅਖੌਤੀ ਨੀਵੀਂਆਂ ਸ਼੍ਰੇਣੀਆਂ ਦੇ ਲੋਕਾਂ ਅੰਦਰ 'ਜਾਤੀ ਮੁਕਤ' ਭਾਈਚਾਰੇ ਦੀ ਜਾਗ੍ਰਿਤੀ ਪੈਦਾ ਕਰਨ ਦਾ ਇਤਿਹਾਸਕ ਕਾਰਜ ਕੀਤਾ। ਇਹਨਾਂ ਨੇ ਭਾਰਤੀ ਲੋਕਾਂ ਦੇ ਸਨਮੁਖ ਇੱਕ ਸਾਂਝੀ ਸੰਸਕ੍ਰਿਤੀ ਦਾ ਅਜਿਹਾ ਸੰਕਲਪ ਰੱਖਿਆ ਜਿਸ ਵਿੱਚ ਸਾਰੇ ਬਰਾਬਰ ਦੇ ਹਿੱਸੇਦਾਰ ਤੇ ਹੱਕਦਾਰ ਹੋਣ।

ਮੱਧਕਾਲੀਨ ਭਾਰਤੀ ਪਰੰਪਰਾ ਦੇ ਇਹਨਾਂ ਸੰਤਾਂ ਵਿੱਚ ਭਗਤ ਰਵਿਦਾਸ ਜੀ ਇੱਕ ਮਹਾਨ ਸੰਤ ਹੋਏ ਸਨ। ਉਹ ਆਪਣੇ ਸਮੇਂ ਦੇ ਬ੍ਰਹਮ ਸਰੂਪ, ਕਰਮਯੋਗੀ ਅਤੇ ਯੁੱਗ ਪ੍ਰਵਰਤਕ ਧਰਮ ਪੁਰਸ਼ ਸਨ। ਉਹਨਾਂ ਦੀ ਬਾਣੀ ਅੱਜ ਵੀ ਲੋਕਾਂ ਲਈ ਰੂਹਾਨੀ ਚਾਨਣ ਮੁਨਾਰੇ ਦਾ ਕੰਮ ਕਰਦੀ ਆ ਰਹੀ ਹੈ। ਉਹਨਾਂ ਦੀ ਬਾਣੀ ਦੀ ਮਹਾਨਤਾ ਦੇ ਮੱਦੇਨਜ਼ਰ 'ਸ੍ਰੀ ਆਦਿ ਗ੍ਰੰਥ' ਦੀ ਸੰਪਾਦਨਾ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਹਨਾਂ ਦੀ ਬਾਣੀ ਵਿੱਚੋਂ 40 ਸ਼ਬਦਾਂ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਸਨਮਾਨਯੋਗ ਸਥਾਨ ਦਿੱਤਾ। ਭਗਤ ਰਵਿਦਾਸ ਜੀ ਦੇ ਇਹਨਾਂ ਸ਼ਬਦਾਂ ਦੁਆਰਾ ਉਹਨਾਂ ਦੀ ਅਧਿਆਤਮਕ-ਵਿਚਾਰਧਾਰਾ ਅਤੇ ਭਗਤੀ ਭਾਵਨਾ ਦਾ ਬੋਧ ਪ੍ਰਾਪਤ ਹੁੰਦਾ ਹੈ। ਉਹ ਆਪਣੀ ਬਾਣੀ ਰਾਹੀਂ ਸਮਾਜ ਵਿੱਚ ਫੈਲੇ ਅੰਧਕਾਰ ਨੂੰ ਦੂਰ ਕਰ, ਪੀੜਤ ਲੋਕਾਈ ਨੂੰ ਸੱਚ ਦੇ ਰਾਹ ਤੇ ਚੱਲਣ ਅਤੇ ਸਵੈਮਾਣ ਵਾਲਾ ਜੀਵਨ ਜਿਉਣ ਲਈ ਪ੍ਰੇਰਿਤ ਕਰਦੇ ਹਨ। ਉਹਨਾਂ ਨੇ ਆਪਣੇ ਸਮਕਾਲੀਨ ਸਮਾਜ ਦੇ ਲੋਕਾਂ ਅੱਗੇ ਅਜਿਹੇ ਆਦਰਸ਼ਕ ਸਮਾਜ ਦੀ ਸਿਰਜਣਾ ਵਾਲਾ ਮਾਡਲ ਪੇਸ਼ ਕੀਤਾ ਜਿਸ ਵਿੱਚ ਹਰ ਮਨੁੱਖ ਜਾਤ-ਪਾਤ ਤੇ ਛੋਟੇ-ਵੱਡੇ ਦੇ ਭੇਦਭਾਵ ਤੋਂ ਮੁਕਤ ਹੋ ਕੇ ਬਰਾਬਰੀ ਵਾਲਾ ਜੀਵਨ ਬਤੀਤ ਕਰੇ। ਉਹਨਾਂ ਨੇ ਆਪਣੀ ਬਾਣੀ ਰਾਹੀਂ ਸਮਕਾਲੀ ਸਮਾਜ ਵਿੱਚ ਪ੍ਰਚਲਿਤ ਕੁਰੀਤੀਆਂ ਅਤੇ ਸੁਆਰਥੀ ਧਾਰਮਿਕ ਰਹੁ-ਰੀਤਾਂ ਦਾ ਖੰਡਣ ਕਰ ਕੇ, ਸਮਾਜ ਦੇ ਨਵ-ਨਿਰਮਾਣ ਦਾ ਬੀੜਾ ਚੁੱਕਿਆ।

©ਅਰਮਾਨ (ARMAAN) Received: 03 May 2026 Accepted: 31 May 2026 Published: 05 June 2026

ਭਗਤ ਰਵਿਦਾਸ ਜੀ ਨੇ ਆਪਣੀ ਵਡਮੁੱਲੀ ਬਾਣੀ ਦੀ ਸਿਰਜਣਾ ਦੁਆਰਾ ਸਮਕਾਲੀਨ ਸਮੇਂ ਦੇ ਨਿੱਘਰ ਰਹੇ ਸਮਾਜ ਵਿੱਚ ਨਵੀਂ ਰੂਹ ਫੂਕਣ ਲਈ ਮਾਨਵ ਸਾਂਝੀਵਾਲਤਾ ਦਾ ਸੰਕਲਪ ਪੀੜਤ ਲੋਕਾਈ ਅੱਗੇ ਪੇਸ਼ ਕੀਤਾ। ਉਹਨਾਂ ਨੇ ਆਪਣੀ ਵਿਚਾਰਧਾਰਾ ਦਾ ਮੁੱਖ ਕੇਂਦਰ ਮਨੁੱਖ ਨੂੰ ਬਣਾ ਕੇ ਉਸ ਦੇ ਸਰਵਪੱਖੀ ਵਿਕਾਸ ਦੀ ਗੱਲ ਕੀਤੀ। ਆਪਣੀ ਇਸ ਪ੍ਰਤੀਬੱਧਤਾ ਨੂੰ ਸਾਕਾਰ ਰੂਪ ਦੇਣ ਲਈ ਉਹਨਾਂ ਨੇ 'ਬੇਗਮਪੁਰਾ' ਨਾਂ ਦੇ ਇੱਕ ਆਦਰਸ਼ਕ ਸਟੇਟ ਦਾ ਮਾਡਲ ਪ੍ਰਸਤੁਤ ਕਰ ਸਮਾਜਵਾਦ ਦਾ ਮੁੱਢ ਬੰਨ੍ਹਿਆ। ਨਿਰੋਲ ਅਧਿਆਤਮਕ ਜੀਵਨ ਜਿਉਣ ਵਾਲੇ ਇੱਕ ਸੰਤ ਦੁਆਰਾ 'ਬੇਗਮਪੁਰਾ' ਵਰਗੇ ਆਦਰਸ਼ਕ ਮਾਡਲ ਦੀ ਸਿਰਜਣਾ ਦੀ ਘਾੜਤ ਨੂੰ ਦੇਖ, ਆਮ ਬੁੱਧੀਜੀਵੀ ਨੂੰ ਵਚਿੱਤਰਤਾ ਦਾ ਅਹਿਸਾਸ ਜਰੂਰ ਹੋਵੇਗਾ। ਜਦੋਂ ਕਿ ਮਾਨਵ ਵਿਰੋਧੀ ਰੁਚੀਆਂ ਰੱਖਣ ਵਾਲੇ ਮਨੁੱਖੀ ਸਮਾਜ ਦੇ ਮੁਕਾਬਲੇ ਤੇ ਪੇਸ਼ ਕੀਤਾ ਗੁਰੂ ਰਵਿਦਾਸ ਜੀ ਦਾ ਇਹ ਆਦਰਸ਼ਕ ਮਾਡਲ, ਉਹਨਾਂ ਦੇ ਜੀਵਨ ਅਤੇ ਵਿਚਾਰਧਾਰਾ ਦਾ ਅਤਿ ਮਹੱਤਵਪੂਰਨ ਅੰਗ ਹੈ। ਇਸ ਆਦਰਸ਼ਕ ਸਟੇਟ ਦੇ ਸੰਕਲਪ ਰਾਹੀਂ ਉਹ ਨਵੇਂ ਮਾਨਵੀ ਮੁੱਲਾਂ ਦੀ ਸਿਰਜਣਾ ਕਰ ਮਨੁੱਖ ਨੂੰ ਧਰਮ ਚੇਤਨ ਸੱਤਾ ਦੀ ਰਾਹਨੁਮਾਈ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਦੇ ਹਨ। ਇਸ ਲਈ ਉਹਨਾਂ ਨੇ ਸਟੇਟ ਦੇ ਸੰਕਲਪ ਨੂੰ ਉਲੀਕਣ ਲਈ ਪੂਰਾ ਸ਼ਬਦ ਲਿਖਿਆ।ਉਹ ਆਦਰਸ਼ਕ ਸਮਾਜ ਦੀ ਸਿਰਜਣਾ ਦੇ ਸੰਕਲਪ ਦੀ ਵਿਆਖਿਆ ਕਰਦੇ ਹੋਏ ਲਿਖਦੇ ਹਨ :

*ਬੇਗਮ ਪੁਰਾ ਸਹਰ ਕੋ ਨਾਉ ॥ਦੂਖੁ ਅੰਦੋਹੁ ਨਹੀ ਤਿਹਿ ਠਾਉ ॥*
*ਨਾਂ ਤਸਵੀਸ ਖਿਰਾਜੁ ਨ ਮਾਲੁ ॥ਖਉਫੁ ਨ ਖਤਾ ਨ ਤਰਸੁ ਜਵਾਲੁ ॥*
*ਅਬ ਮੋਹਿ ਖੂਬ ਵਤਨ ਗਹ ਪਾਈ ॥ਊਹਾਂ ਖੈਰਿ ਸਦਾ ਮੇਰੇ ਭਾਈ ॥*
*ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥*
*ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥*
*ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥*
*ਕਹਿ ਰਵਿਦਾਸ ਖਲਾਸ ਚਮਾਰਾ ॥ਜੋ ਹਮ ਸਹਰੀ ਸੁ ਮੀਤੁ ਹਮਾਰਾ ॥* [1]

ਇਸ ਸ਼ਬਦ ਵਿੱਚ ਜਿਸ 'ਬੇਗਮਪੁਰਾ' ਸ਼ਹਿਰ ਦਾ ਜਿਕਰ ਹੈ, ਉਸਦੇ ਸਾਰੇ ਪਾਸਾਰ ਕਲਪਿਤ ਅਵਸ਼ ਹਨ ਪ੍ਰੰਤੂ ਇਹਨਾਂ ਪਾਸਾਰਾਂ ਦੀ ਪ੍ਰਕਿਰਤੀ ਮਨੁੱਖੀ ਸਰੋਕਾਰਾਂ ਵਾਲੀ ਹੈ। ਸ਼ਹਿਰ ਦੀ ਰੂਪ ਰੇਖਾ ਕਲਪਿਤ ਹੋ ਕੇ ਵੀ ਵਿਵੇਕਪੂਰਨ ਹੈ। ਇਸ ਸ਼ਬਦ ਨੂੰ ਪੜ੍ਹਦਿਆਂ ਇਹ ਹੈਰਾਨੀ ਹੁੰਦੀ ਹੈ ਕਿ ਪ੍ਰਭੂ ਪ੍ਰੇਮ ਵਿੱਚ ਲੀਨ ਆਤਮਾ ਨੇ ਅਚੇਤ ਹੀ ਇੱਕ ਅਜਿਹੇ ਸ਼ਹਿਰ ਦਾ ਮਾਡਲ ਸਿਰਜ ਦਿੱਤਾ, ਜਿਸ ਦੀ ਤਲਾਸ਼ ਅੱਜ ਵੀ ਮਨੁੱਖ ਦੀ ਮੂਲ ਪ੍ਰਾਪਤੀ ਬਣੀ ਹੋਈ ਹੈ। ਗੁਰੂ ਰਵਿਦਾਸ ਜੀ ਦੁਆਰਾ ਪੇਸ਼ ਹੋਇਆ 'ਬੇਗਮਪੁਰਾ' ਸ਼ਹਿਰ ਦਾ ਇਹ ਚਿੱਤਰ ਕਿਸੇ ਸਮਾਜਵਾਦੀ ਸਟੇਟ ਵੱਲ ਸੰਕੇਤ ਕਰਦਾ ਹੈ। ਉਹਨਾਂ ਮੁਤਾਬਿਕ ਇਹ ਅਜਿਹਾ ਸਮਾਜ ਹੋਵੇਗਾ ਜਿਸ ਵਿੱਚ ਕਿਸੇ ਨੂੰ ਕੋਈ ਗ਼ਮ ਭਾਵ ਦੁੱਖ-ਤਕਲੀਫ਼ ਨਹੀ ਹੋਵੇਗੀ। ਕਿਸੇ ਨੂੰ ਨਿਜੀ ਜਾਇਦਾਦ ਦਾ ਕੋਈ ਲੋਭ ਲਾਲਚ ਨਹੀਂ ਹੋਵੇਗਾ। ਇਸ ਵਿੱਚ ਰਹਿਣ ਵਾਲੀ ਸਾਰੀ ਪਰਜਾ ਬਰਾਬਰ ਹੱਕਾਂ ਅਤੇ ਫ਼ਰਜ਼ਾਂ ਦੀ ਮਾਲਕ ਹੋਵੇਗੀ। ਇਸ ਰਾਜ ਅੰਦਰ ਕਿਸੇ ਪ੍ਰਕਾਰ ਦੀ ਕੋਈ ਸੀਮਾ ਨਹੀਂ ਹੋਵੇਗੀ। ਇਸ ਲਈ ਰਾਜ ਦੀ ਪਰਜਾ ਨੂੰ ਕਿਤੇ ਵੀ ਜਾਣ ਦਾ ਅਧਿਕਾਰ ਹੋਵੇਗਾ। ਭਗਤ ਰਵਿਦਾਸ ਜੀ ਦੁਆਰਾ ਇਸ ਸ਼ਬਦ ਵਿੱਚ ਅਜਿਹੀ ਜੁਗਤਿ ਪ੍ਰਸਤੁਤ ਕਰ ਦਿੱਤੀ ਗਈ ਹੈ, ਜਿਸ ਨੂੰ ਅਪਣਾ ਕੇ ਮਾਨਵ ਸੰਤੁਲਿਤ, ਉਸਾਰੂ ਅਤੇ ਭਰਪੂਰ ਸਰੋਕਾਰਾਂ ਵਾਲਾ ਖੁਸ਼ਹਾਲ ਜੀਵਨ ਜਿਉਂ ਸਕਦਾ ਹੈ।

ਭਗਤ ਰਵਿਦਾਸ ਜੀ ਅਜਿਹੇ ਆਦਰਸ਼ਕ ਸਮਾਜ ਦਾ ਨਿਰਮਾਣ ਕਰਨਾ ਚਾਹੁੰਦੇ ਸਨ ਜਿਸ ਵਿੱਚ ਜਾਤ-ਪਾਤ ਅਤੇ ਊਚ-ਨੀਚ ਜਿਹੇ ਮਾਨਵ-ਵਿਰੋਧੀ ਭੇਦਭਾਵ ਨਾ ਹੋਣ। ਕਿਉਂਕਿ ਭਾਰਤੀ ਸਮਾਜ ਜਾਤ-ਪਾਤ ਅਤੇ ਵਰਣ- ਵਿਵਸਥਾ ਉੱਤੇ ਆਧਾਰਿਤ ਇੱਕ ਰੂੜੀਵਾਦੀ ਸਮਾਜ ਸੀ। ਇਸ ਸਮਾਜ ਵਿੱਚ ਜਾਤ-ਪਾਤ ਦੀ ਵਰਗ-ਵੰਡ ਇੰਨੀ ਕਠੋਰ ਸੀ ਕਿ ਮਨੁੱਖ-ਮਨੁੱਖ ਦਰਮਿਆਨ ਵਿਤਕਰਾ ਕੀਤਾ ਜਾਂਦਾ ਸੀ। ਬ੍ਰਾਹਮਣਵਾਦ ਨੇ ਜਾਤ-ਪਾਤ ਦੀਆ ਜ਼ੰਜੀਰਾਂ ਨੂੰ ਐਨਾ ਸਖ਼ਤ ਬਣਾ ਰੱਖਿਆ ਸੀ ਕਿ ਭਗਤ ਰਵਿਦਾਸ ਜਿਹੇ ਅਧਿਆਤਮਿਕ ਸੰਤਾਂ-ਭਗਤਾਂ ਨੂੰ ਇਹਨਾਂ ਜ਼ੰਜੀਰਾਂ ਉੱਪਰ ਮਾਰੂ ਸੱਟਾਂ ਲਾਉਣੀਆਂ ਪਈਆਂ।

ਭਗਤ ਰਵਿਦਾਸ ਜੀ ਨੇ ਉਸ ਸਮੇਂ ਦੀ ਅਖੌਤੀ ਨੀਵੀਂ ਸ਼ੂਦਰ ਜਾਤ ਵਿੱਚ ਜਨਮ ਲਿਆ। ਇਸ ਕਾਰਨ ਉਹਨਾਂ ਨੂੰ ਕਈ ਵਾਰ ਉੱਚ ਸ੍ਰੇਣੀਆਂ ਦੇ ਤ੍ਰਿਸਕਾਰ ਦਾ ਸ਼ਿਕਾਰ ਵੀ ਹੋਣਾ ਪਿਆ। ਪਰੰਤੂ ਉਹਨਾਂ ਦੀ ਅਧਿਆਤਮਿਕ ਸਾਧਨਾ ਵਿੱਚ ਪਰਿਪੱਕਤਾ ਹੋਣ ਕਾਰਣ ਉੱਚ ਸ੍ਰੇਣੀਆਂ ਨਾਲ ਸੰਬੰਧਿਤ ਦੋਖੀਆਂ ਨੂੰ ਮੂੰਹ ਦੀ ਖਾਣੀ ਪਈ। ਭਗਤ ਰਵਿਦਾਸ ਜੀ ਦੀ ਅਧਿਆਤਮਿਕ ਸਾਧਨਾ ਦਾ ਇਸ ਤੋਂ ਵੱਡਾ ਕੀ ਪ੍ਰਮਾਣ ਹੋਵੇਗਾ ਕਿ ਖ਼ੁਦ ਸਿੱਖ ਗੁਰੂ ਸਾਹਿਬਾਨ ਸ੍ਰੀ ਗੁਰੂ ਰਾਮਦਾਸ ਜੀ ਉਹਨਾਂ ਦੀ ਮਹਾਨ ਸ਼ਖ਼ਸੀਅਤ ਦਾ ਗੁਣਗਾਨ ਕਰਦੇ ਹਨ:

*ਰਵਿਦਾਸ ਚਮਾਰੁ ਉਸਤਤਿ ਕਰੇ ਹਰਿ ਕੀਰਤ ਨਿਮਖ ਇਕ ਗਾਇ ॥*
*ਪਤਿਤ ਜਾਤਿ ਉਤਮੁ ਭਇਆ ਚਾਰ ਵਰਨ ਪਏ ਪਗਿ ਆਇ॥* [2]

ਭਗਤ ਰਵਿਦਾਸ ਜੀ ਨੇ ਤਥਾਕਥਿਤ ਸ਼ੂਦਰ ਜਾਤੀ ਵਾਲੇ ਬੋਧ ਨੂੰ ਕਿਸੇ ਹੀਣਤਾ ਦੇ ਭਾਵ ਨਾਲ ਪ੍ਰਗਟ ਨਹੀਂ ਕੀਤਾ ਬਲਕਿ ਉਹਨਾਂ ਨੇ ਆਪਣੀ ਬਾਣੀ ਦੇ ਮਾਧਿਅਮ ਰਾਹੀਂ ਜਿੱਥੇ ਆਪਣੀ ਜਾਤ ਨੂੰ ਖੁੱਲ੍ਹ ਕੇ ਵਿਖਿਆਤ ਕੀਤਾ ਉੱਥੇ ਉਹਨਾਂ ਨੇ ਬ੍ਰਾਹਮਣਵਾਦੀ ਜਾਲਮਾਨਾ ਵਿਧਾਨ ਉੱਤੇ ਕਰਾਰੀ ਚੋਟ ਵੀ ਲਗਾਈ। ਉਹ ਆਪਣੀ ਅਖੌਤੀ ਨੀਵੀਂ ਜਾਤ ਬਾਰੇ ਬੜੇ ਫ਼ਖ਼ਰ ਨਾਲ ਦਰਸਾਉਂਦੇ ਹੋਏ ਦੱਸਦੇ ਸਨ ਕਿ ਜਿੰਨ੍ਹਾਂ ਜਾਤੀਆਂ ਨੂੰ ਘਟੀਆ ਤੇ ਨੀਵੀਂਆਂ ਕਹਿ ਕੇ ਨਿੰਦਿਆ ਜਾਂਦਾ ਹੈ, ਉਹਨਾਂ ਵਿੱਚੋਂ ਇੱਕ ਜਾਤ ਨਾਲ ਉਹਨਾਂ ਦਾ ਵੀ ਸੰਬੰਧ ਹੈ। ਉਹਨਾਂ ਨੇ ਸ਼ੂਦਰ ਅਤੇ ਹੋਰ ਨੀਵੀਂਆਂ ਜਾਤੀਆਂ ਦੇ ਲੋਕਾਂ ਦਾ ਸਵੈਮਾਣ ਉੱਚਾ ਚੁੱਕਣ ਲਈ ਨਿੱਘਰ ਰਹੇ ਸਮਾਜ ਵਿੱਚ ਨਵੀਂ ਰੂਹ ਫੂਕਣ ਲਈ, ਆਪਣੀ ਬਾਣੀ ਵਿੱਚ ਆਪਣੇ-ਆਪ ਨੂੰ 'ਖਲਾਸ ਚਮਾਰਾ' ਕਹਿ ਸਕਣ ਦਾ ਨੈਤਿਕ ਸਾਹਸ ਵੀ ਕੀਤਾ। ਜਿਵੇਂ:

*ਕਹਿ ਰਵਿਦਾਸ ਖਲਾਸ ਚਮਾਰਾ॥*
*ਜੋ ਹਮ ਸਹਰੀ ਸੁ ਮੀਤੁ ਹਮਾਰਾ॥* [3]

*ਮੇਰੀ ਜਾਤਿ ਕਮੀਨੀ ਪਾਤਿ ਕਮੀਨੀ ਓਛਾ ਜਨਮੁ ਹਮਾਰਾ॥*
*ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ॥* [4]

ਭਗਤ ਰਵਿਦਾਸ ਜੀ ਆਪਣੀ ਬਾਣੀ ਵਿੱਚ ਸਮੇਂ ਦੇ ਹੁਕਮਰਾਨਾ ਅਤੇ ਅਖੌਤੀ ਉੱਚ ਵਰਗ ਨਾਲ ਸਬੰਧ ਰੱਖਣ ਵਾਲੇ ਲੋਕਾਂ ਖਿਲਾਫ਼ ਖੁੱਲ੍ਹ ਕੇ ਵਿਚਾਰ ਪ੍ਰਗਟ ਕਰਦੇ ਹਨ। ਜਿਨ੍ਹਾਂ ਨੇ ਜਾਤ-ਪਾਤ ਅਤੇ ਊਚ-ਨੀਚ ਦੇ ਆਧਾਰ 'ਤੇ ਅਖੌਤੀ ਨਿਮਨ ਸ਼੍ਰੇਣੀ ਦੇ ਲੋਕਾਂ ਨਾਲ ਸਰੀਰਕ ਤੇ ਮਾਨਸਿਕ ਅੱਤਿਆਚਾਰ ਕਰਦੇ ਹੋਏ, ਉਹਨਾਂ ਨੂੰ ਅਨੇਕ

ਪ੍ਰਕਾਰ ਦੇ ਅਪਮਾਨ ਹੇਠ ਜੀਵਨ ਬਸਰ ਕਰਨ ਲਈ ਮਜ਼ਬੂਰ ਕੀਤਾ। ਗੁਰੂ ਜੀ ਅਜਿਹੇ ਲੋਕਾਂ ਨੂੰ ਅਮਾਨਵੀ ਪੀੜਾ ਦੇਣ ਦੀ ਬਜਾਇ ਹਰ ਇੱਕ ਨਾਲ ਬਰਾਬਰੀ ਦੀ ਸੋਚ 'ਤੇ ਪਹਿਰਾ ਦੇਣ ਲਈ ਸਮਝਾਉਂਦੇ ਹਨ:

*ਬ੍ਰਹਮਨ ਬੈਸ ਸੂਦ ਅਰੁ ਖ੍ਯ੍ਯਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ ॥*
*ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ ॥*
*ਧੰਨਿ ਸੋ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ ॥*
*ਜਿਨਿ ਪੀਆ ਸਾਰ ਰਸੁ ਤਜੇ ਆਨ ਰਸ ਹੋਇ ਰਸ ਮਗਨ ਡਾਰੇ ਬਿਖੁ ਖੋਇ ॥*
*ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ ॥*
*ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ ॥*[5]

ਭਗਤ ਰਵਿਦਾਸ ਜੀ ਆਪਣੀ ਬਾਣੀ ਰਾਹੀਂ ਸਮਾਜ ਵਿੱਚ ਸਕਾਰਾਤਮਿਕ ਕਦਰਾਂ-ਕੀਮਤਾਂ ਦਾ ਨਿਰਮਾਣ ਕਰਨਾ ਚਾਹੁੰਦੇ ਸਨ। ਕਿਉਂਕਿ ਕਿਸੇ ਵੀ ਸਮਾਜ ਦੀ ਵਡਿੱਤਣ ਦੀ ਨੀਂਹ ਉੱਥੋਂ ਦੀਆਂ ਕਦਰਾਂ-ਕੀਮਤਾਂ ਹੁੰਦੀਆਂ ਹਨ। ਮਨੁੱਖ ਸਮਾਜ ਨਿਰਮਾਣ ਤੋਂ ਬਾਅਦ ਜਿਵੇਂ-ਜਿਵੇਂ ਸਿਆਣਾ ਅਤੇ ਸੱਭਿਆ ਹੁੰਦਾ ਗਿਆ, ਉਸ ਨੇ ਆਪਣੀ ਜ਼ਰੂਰਤ ਤੇ ਸੁਭਾਅ ਦੇ ਮੁਤਾਬਿਕ ਜੀਵਨ ਦੀਆਂ ਕਦਰਾਂ-ਕੀਮਤਾਂ ਨੂੰ ਅਪਣਾਉਣਾ ਸ਼ੁਰੂ ਕਰ ਦਿੱਤਾ। ਇਹਨਾਂ ਵਿੱਚੋਂ ਕੁਝ ਕਦਰਾਂ- ਕੀਮਤਾਂ ਦੇਸ਼ ਅਤੇ ਕਾਲ ਦੀਆਂ ਹੱਦਾਂ ਪਾਰ ਕਰ, ਸਮਾਜ ਵਿੱਚ ਆਪਣਾ ਡੂੰਘਾ ਸਥਾਨ ਬਣਾ ਗਈਆਂ, ਜਿਹਨਾਂ ਨੂੰ ਮਾਨਵੀ ਸਮਾਜ ਵਿੱਚ ਸਦੀਵੀ ਮੁੱਲਾਂ ਦਾ ਨਾਂ ਦਿੱਤਾ ਗਿਆ। ਮਨੁੱਖੀ ਸਮਾਜ ਇਹਨਾਂ ਜੀਵਨ ਮੁੱਲਾਂ ਨੂੰ ਅੰਤਰਸਾਤ ਕਰ ਆਪਣੇ ਵਿਅਕਤੀਤਵ ਦਾ ਵਿਕਾਸ ਕਰਦਾ ਹੈ। ਮੱਧਯੁਗੀ ਸੰਤਾਂ ਨੇ ਆਦਰਸ਼ਕ ਸਮਾਜ ਦੇ ਨਿਰਮਾਣ ਲਈ ਮਾਨਵ ਦੇ ਇਹਨਾਂ ਮੁੱਲਾ ਨੂੰ ਚੇਤਨ ਕਰ, ਉਸ ਦੇ ਆਂਤਰਿਕ ਬੱਲ ਨੂੰ ਵਿਕਸਿਤ ਕਰਨ ਦਾ ਕਾਰਜ ਕੀਤਾ। ਇਸ ਦੇ ਪਿੱਛੇ ਉਹਨਾਂ ਸੰਤਾਂ ਦੀ ਮਨੋਕਾਮਨਾ ਸਮਾਜ ਵਿੱਚ ਸੱਚੇ-ਸੁੱਚੇ ਆਚਰਣ ਵਾਲੇ ਮਾਨਵ ਦਾ ਨਿਰਮਾਣ ਕਰਨ ਦੀ ਸੀ।

ਅਜਿਹੇ ਸਮਾਜ ਦਾ ਨਿਰਮਾਣ ਕਰਨ ਵਾਲੇ ਸੰਤਾਂ-ਭਗਤਾਂ ਵਿੱਚ ਭਗਤ ਰਵਿਦਾਸ ਜੀ ਦਾ ਨਾਂ ਮੂਹਰਲੀ ਕਤਾਰ ਵਿੱਚ ਆਉਂਦਾ ਹੈ। ਭਗਤ ਰਵਿਦਾਸ ਨੇ ਆਪਣੇ ਸਮਕਾਲੀ ਸਮਾਜ ਵਿੱਚ ਪ੍ਰਚਲਿਤ ਉਹਨਾਂ ਸਾਰੀਆਂ ਮਾਨਤਾਵਾਂ ਦਾ ਪੁਰਜ਼ੋਰ ਵਿਰੋਧ ਕੀਤਾ, ਜਿਹੜੀਆਂ ਲੋਕ ਹਿੱਤ ਜਾਂ ਮਾਨਵ ਕਲਿਆਣ ਦੇ ਵਿਰੁੱਧ ਸਨ। ਉਹਨਾਂ ਦੇ ਸਮੇਂ ਬ੍ਰਾਹਮਣਵਾਦੀ ਧਰਮ-ਵਿਵਸਥਾ ਵਾਲੇ ਸਮਾਜ ਵਿੱਚ ਰਰੁ-ਰੀਤਾਂ ਅਤੇ ਕਰਮ-ਕਾਂਡ ਦੁਆਰਾ ਵਿਅਕਤੀ ਦਾ ਸ਼ੋਸ਼ਣ ਕੀਤਾ ਜਾਂਦਾ ਸੀ। ਵਿਅਕਤੀ ਨੂੰ ਤਰ੍ਹਾਂ-ਤਰ੍ਹਾਂ ਦੇ ਨੇਮਾਂ, ਵਰਤਾਂ, ਤੀਰਥ-ਸਥਾਨਾਂ, ਵਹਿਮਾਂ-ਭਰਮਾਂ ਅਤੇ ਅਨੁਸ਼ਠਾਨਾਂ ਵਿੱਚ ਉਲਝਾ ਕੇ ਉਸ ਦੀ ਸੁਤੰਤਰਤਾ ਅਤੇ ਸਵੈ-ਇੱਛਾ ਨੂੰ ਕੁਚਲ ਦਿੱਤਾ ਜਾਂਦਾ ਸੀ। ਭਗਤ ਰਵਿਦਾਸ ਦੀ ਬਾਣੀ ਵਿੱਚ ਕਰਮ-ਕਾਂਡ ਨੂੰ ਨਿਸਫਲ ਅਤੇ ਅਰਥਹੀਣ ਕਰਮ ਮੰਨਿਆ ਗਿਆ ਹੈ। "ਭਗਤ ਰਵਿਦਾਸ ਜੀ ਨੇ ਧਰਮ ਨੂੰ ਕਰਮਕਾਂਡੀ ਪਰਿਪੇਖ ਵਿੱਚੋਂ ਕੱਢ ਕੇ ਅਰਪਣ-ਨੈਤਿਕਤਾ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਇਹ ਅਰਪਣ-ਨੈਤਿਕਤਾ ਦੀ ਇਕਾਂਤਕਤਾ ਨਹੀਂ ਹੈ ਸਗੋਂ ਸਜਿੰਦ ਵਿਵਹਾਰ ਦੀ ਸਕ੍ਰਿਅਤਾ ਹੈ। ਇਹ ਪ੍ਰਚਲਿਤ ਧਾਰਮਿਕ ਪਹੁੰਚ ਤੋਂ ਨਿਰਸੰਦੇਹ ਵੱਖਰੀ ਸੁਰ ਸੀ ਕਿਉਂਕਿ ਪ੍ਰਚਲਿਤ ਅਨੁਸਾਰ ਤਾਂ ਪੂਜਾ ਵਿਧੀ, ਮੂਰਤੀ ਪੂਜਾ ਦੇ ਦੁਆਲੇ ਹੀ ਘੁੰਮੀ ਜਾ ਰਹੀ ਸੀ। ਭਗਤ ਜੀ ਨੇ ਪੂਜਾ ਲਈ ਪਰਵਾਨ ਮੰਨੀਆਂ ਜਾਂਦੀਆਂ ਵਸਤੂਆਂ ਜਿਵੇਂ ਕਿ ਵੱਛੇ ਵਲੋਂ ਜੂਠਾ ਕੀਤਾ ਹੋਇਆ ਦੁੱਧ ਅਤੇ ਭੌਰੇ ਅਤੇ ਮਛਲੀ ਵਲੋਂ ਵਿਗਾੜਿਆ ਹੋਇਆ ਫੁੱਲ ਅਤੇ ਪਾਣੀ ਪੂਜਾ ਵਾਸਤੇ ਪਵਿੱਤਰ ਪਰਵਾਨ ਕੀਤੇ ਜਾਣ ਤੇ ਸਵਾਲੀਆ ਨਿਸ਼ਾਨ ਲਾਏ ਹਨ? ਭਗਤ ਜੀ ਅਨੁਸਾਰ ਪੂਜਾ ਵਾਸਤੇ ਧੂਪ, ਦੀਪ ਅਤੇ ਨਈਵੇਦਯ ਆਦਿ ਦੀ ਕੋਈ ਲੋੜ ਨਹੀਂ ਹੈ ਅਤੇ ਜੇ ਹੈ ਵੀ ਤਾਂ ਇਹ ਪੂਜਾ ਵਿਧੀ ਲਈ ਕੇਂਦਰੀ ਬਿਲਕੁਲ ਨਹੀਂ ਹਨ। ਪੂਜਾ ਵਾਸਤੇ ਤਾਂ ਅਰਪਣ ਨੈਤਿਕਤਾ ਦੀ ਲੋੜ ਹੈ ਅਤੇ ਇਹ ਤਨ ਅਤੇ ਮਨ ਦੀ ਇਕਸੁਰਤਾ ਜਾਂ ਅਨੁਭਵ ਦੀ ਪੱਧਰ ਤੇ ਹੀ ਨਿਭਾਈ ਜਾਣੀ ਚਾਹੀਦੀ ਹੈ।"[6] ਇਸ ਸਬੰਧੀ ਭਗਤ ਰਵਿਦਾਸ ਜੀ ਆਪਣੀ ਬਾਣੀ ਵਿੱਚ ਕਹਿੰਦੇ ਹਨ:

*ਤਨੁ ਮਨੁ ਅਰਪਉ ਪੂਜ ਚਰਾਵਉ ॥*
*ਗੁਰ ਪਰਸਾਦਿ ਨਿਰੰਜਨੁ ਪਾਵਉ ॥* [7]

ਭਗਤ ਰਵਿਦਾਸ ਜੀ ਨੇ ਮਨੁੱਖ ਨੂੰ ਵਹਿਮ-ਭਰਮ, ਅੰਧ-ਵਿਸ਼ਵਾਸ, ਸੰਸਾਰਕ ਮੋਹ ਮਾਇਆ ਅਤੇ ਪਖੰਡਵਾਦ ਦਾ ਤਿਆਗ ਕਰ ਅਜਿਹਾ ਜੀਵਨ ਬਤੀਤ ਕਰਨ ਲਈ ਪ੍ਰੇਰਿਤ ਕੀਤਾ, ਜੋ ਬਿਲਕੁੱਲ ਸਾਦਾ ਅਤੇ ਸਦਾਚਾਰ ਵਾਲੇ ਗੁਣਾਂ ਦਾ ਧਾਰਨੀ ਹੋਵੇ। ਅਜਿਹੇ ਮਨੁੱਖ ਨੂੰ ਆਪਣੇ ਜੀਵਨ ਵਿੱਚ ਸਬਰ, ਸੰਤੋਖ, ਧੀਰਜ, ਦਯਾ, ਖਿਮਾ ਅਤੇ ਉਦਾਰਤਾ ਆਦਿ ਗੁਣਾਂ ਨੂੰ ਵਿਕਸਿਤ ਕਰਨ ਲਈ ਹਮੇਸ਼ਾ ਤਤਪਰ ਰਹਿਣਾ ਚਾਹੀਦਾ ਹੈ। ਇਸ ਤਰ੍ਹਾਂ ਰਵਿਦਾਸ ਬਾਣੀ ਵਿਅਕਤੀ ਦੇ ਸੱਚੇ-ਸੁੱਚੇ ਜੀਵਨ ਮੁੱਲਾਂ ਦਾ ਮਹੱਤਵ ਦਰਸਾਉਣ ਵਾਲੀ ਅਤੇ ਲੋਕ-ਕਲਿਆਣ ਦੀ ਚੇਤਨਾ ਨਾਲ ਓਤਪ੍ਰੋਤ ਸੀ।

ਭਗਤ ਰਵਿਦਾਸ ਜੀ ਦੇ ਬਾਣੀ-ਚਿੰਤਨ ਬਾਰੇ ਇਹ ਤੱਥ ਵਿਚਾਰਨਯੋਗ ਹੈ ਕਿ ਉਹਨਾਂ ਨੇ ਸਮਾਜ ਦੇ ਨਵ-ਨਿਰਮਾਣ ਲਈ ਜਿਸ ਆਦਰਸ਼ਕ ਸਮਾਜ ਦੇ ਮਾਡਲ ਦੀ ਗੱਲ ਕੀਤੀ ਹੈ, ਉਹ ਅਧਿਆਤਮ ਦੇ ਸਹਿਜ ਮੁਹਾਵਰੇ ਰਾਹੀਂ ਕੀਤੀ ਹੈ। ਉਹਨਾਂ ਨੇ ਧਰਮ, ਕਰਮ ਅਤੇ ਵਿਵੇਕ ਦੇ ਮਾਧਿਅਮ ਰਾਹੀਂ ਸਮੇਂ ਦੇ ਸਮਾਜ ਦੀ ਦਸ਼ਾ ਤੇ ਦਿਸ਼ਾ ਨੂੰ ਨਵੇਂ ਅਰਥ ਅਤੇ ਪਰਿਭਾਸ਼ਾ ਦਿੱਤੀ ਹੈ। ਉਹਨਾਂ ਨੇ ਆਪਣੇ ਸਮੇਂ ਦੇ ਸਮਾਜ ਵਿੱਚ ਵਿਆਪਤ ਜਾਤ-ਪਾਤ, ਵਰਗ-ਵੰਡ ਅਤੇ ਸੰਪਰਦਾਇਕਤਾ ਆਦਿ ਸਭ ਬੁਰਾਈਆਂ ਨੂੰ ਰੱਦ ਕਰਕੇ ਪ੍ਰੇਮਾ-ਭਗਤੀ ਵਾਲਾ ਮਾਡਲ ਦਿੱਤਾ ਹੈ। ਉਹਨਾਂ ਦੀ ਬਾਣੀ ਮਨੁੱਖ ਨੂੰ ਇੱਕ ਐਸੇ ਵਿਸ਼ਵ-ਵਿਆਪੀ ਅਧਿਆਤਮਿਕ ਸੂਤਰ ਵਿੱਚ ਬੰਨ੍ਹਦੀ ਨਜ਼ਰ ਆਉਂਦੀ ਹੈ, ਜਿੱਥੇ ਊਚ-ਨੀਚ, ਜਾਤ-ਪਾਤ ਅਤੇ ਅਮੀਰ ਗਰੀਬ ਆਦਿ ਦਾ ਭੇਦਭਾਵ ਮਿਟ ਜਾਂਦਾ ਹੈ।

ਰਵਿਦਾਸ ਬਾਣੀ-ਚਿੰਤਨ ਵਿੱਚ ਮਨੁੱਖ ਨੂੰ ਬਾਰ-ਬਾਰ ਕਰਮ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ। ਕਿਉਂਕਿ ਕਰਮ ਦਾ ਸਿੱਧਾ ਉਦੇਸ਼ ਮਨੁੱਖ ਦੀ ਕਾਰਜਸ਼ੀਲਤਾ ਨਾਲ ਜੁੜਿਆ ਹੋਇਆ ਹੈ। ਇਸ ਲਈ ਕਰਮ ਰਾਹੀਂ ਮਨੁੱਖ ਦੀ ਬੁੱਧੀ ਅਤੇ ਕਾਇਆ ਵਿੱਚ ਪਰਿਵਰਤਨ ਆਉਂਦਾ ਹੈ। ਹੱਥੀਂ ਕਿਰਤ ਕਰਕੇ ਕਰਮ ਕਮਾਉਣ ਵਾਲਾ ਜੀਵ ਦੁਨੀਆਂ ਵਿੱਚ ਵਿਚਰਦਿਆਂ ਪਰਮ-ਪਦ ਦੀ ਪ੍ਰਾਪਤੀ ਕਰ ਸਕਦਾ ਹੈ। ਇਸ ਲਈ ਰਵਿਦਾਸ ਬਾਣੀ ਮਨੁੱਖ ਨੂੰ ਜ਼ਿੰਦਗੀ ਵਿਚਲੀ ਕਰਮਸ਼ੀਲਤਾ ਦਾ ਤਿਆਗ ਕਰਨ ਦਾ ਸੰਦੇਸ਼ ਨਹੀਂ ਦਿੰਦੀ ਸਗੋਂ ਉਸ ਨੂੰ ਸ਼ੁਭ ਕਰਮ ਕਰਕੇ ਜ਼ਿੰਦਗੀ ਜਿਉਣ ਦੀ ਪ੍ਰੇਰਨਾ ਦਿੰਦੀ ਹੈ। ਸ਼ੁਭ ਅਮਲ ਤੇ ਸ਼ੁਭ ਕਰਮ ਮਨੁੱਖ ਨੂੰ ਸਮਾਜ ਅੰਦਰ ਰਹਿਣ ਦੀ ਸੋਝੀ ਦਾ ਗਿਆਨ ਅਤੇ ਗੌਰਵ ਪ੍ਰਦਾਨ ਕਰਦੇ ਹਨ। ਇਸ ਗਿਆਨ ਅਤੇ ਕਰਮ ਰਾਹੀਂ ਹੀ ਇੱਕ ਆਦਰਸ਼ਕ ਸਮਾਜ ਦੀ ਸਿਰਜਣਾ ਸੰਭਵ ਹੁੰਦੀ ਹੈ। ਰਵਿਦਾਸ ਬਾਣੀ ਵਿੱਚ ਤਾਂ ਕਰਮ ਨੂੰ ਹੀ ਇੱਕ ਧਰਮ ਵਜੋਂ ਦ੍ਰਿੜ੍ਹਾਇਆ ਗਿਆ ਹੈ। ਮਨੁੱਖ ਦੁਆਰਾ ਸ਼ੁਭ

ਕਰਮ ਕਰਦਿਆਂ ਪ੍ਰਭੂ ਬਖਸ਼ਿਸ਼ ਪ੍ਰਾਪਤ ਕਰਨ ਵਾਲੇ ਸੱਚ ਨੂੰ ਗੁਰੂ ਜੀ ਇਸ ਤਰ੍ਹਾਂ ਪ੍ਰਗਟਾਉਂਦੇ ਹਨ:

*ਜਾ ਕੇ ਕੁਟੰਬ ਕੇ ਢੇਢ ਢੋਰ ਢੋਵੰਤ ਫਿਰਹਿ॥*
*ਅਜਹੁ ਬੰਨਾਰਸੀ ਆਸ ਪਾਸਾ॥*
*ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ॥*
*ਤਿਨ ਤਨੈ ਰਵਿਦਾਸ ਦਾਸਨ ਦਾਸਾ ॥* [8]

ਗੁਰੂ ਰਵਿਦਾਸ ਜੀ ਮਨੁੱਖ ਅਤੇ ਸਮਾਜ ਨੂੰ ਸੁਹਾਵਣਾ ਬਣਾਉਣ ਲਈ ਸ਼ੁਭ ਸੰਗਤ ਭਾਵ ਸਤਿਸੰਗ ਵਾਲਾ ਜੀਵਨ ਬਤੀਤ ਕਰਨ ਉੱਪਰ ਜ਼ੋਰ ਦਿੰਦੇ ਹਨ। ਸਤਿਸੰਗ ਵਿਅਕਤੀ ਦੀ ਚੇਤਨਾ ਦੇ ਨਿਰਮਾਣ ਵਿੱਚ ਵਡਮੁੱਲਾ ਯੋਗਦਾਨ ਪਾਉਂਦੀ ਹੈ। ਸਤਿਸੰਗ ਵਿਅਕਤੀ ਨੂੰ ਮਾਇਆ ਦੇ ਆਕਰਸ਼ਣ ਤੋਂ ਬਚਾ ਕੇ ਉਸਨੂੰ ਪ੍ਰਮਾਤਮਾ ਪ੍ਰਾਪਤੀ ਦੇ ਮਾਰਗ ਵੱਲ ਲਗਾਉਂਦੀ ਹੈ। ਬੁਰੀ ਸੰਗਤ ਵਿੱਚ ਫਸ ਕੇ ਵਿਅਕਤੀ ਵਿਸ਼ੇ-ਵਿਕਾਰਾਂ ਦੀ ਦੁਨੀਆਂ ਵਿੱਚ ਪਹੁੰਚ ਜਾਂਦਾ ਹੈ। 'ਜੈਸੀ ਸੰਗਤ ਵੈਸੀ ਰੰਗਤ' ਦੀ ਕਹਾਵਤ ਅਨੁਸਾਰ ਸੰਗਤ ਮਨੁੱਖ ਉੱਪਰ ਆਪਣਾ ਰੰਗ ਜਰੂਰ ਚਾੜ੍ਹ ਦਿੰਦੀ ਹੈ। ਇਸ ਲਈ ਭਲੇ ਲੋਕਾਂ ਦੀ ਸੰਗਤ ਕਰਨ ਵਾਲਾ ਗੁਰਮੁਖ, ਪਰਉਪਕਾਰੀ, ਸਦਾਚਾਰੀ ਅਤੇ ਗਿਆਨੀ ਪੁਰਖ ਬਣ ਜਾਂਦਾ ਹੈ ਅਤੇ ਬੁਰੇ ਲੋਕਾਂ ਦੀ ਸੰਗਤ ਕਰਨ ਵਾਲਾ ਮਨਮੁਖ, ਪਾਪੀ, ਮੰਦਾ, ਦੁਰਾਚਾਰੀ ਅਤੇ ਅਗਿਆਨੀ ਪੁਰਖ ਬਣ ਜਾਂਦਾ ਹੈ। ਗੁਰੂ ਰਵਿਦਾਸ ਜੀ ਆਪਣੀ ਬਾਣੀ ਵਿੱਚ ਸਤਿਸੰਗ ਦੀ ਮਹਾਨਤਾ ਉੱਤੇ ਜ਼ੋਰ ਦਿੰਦੇ ਹੋਏ ਦੱਸਦੇ ਹਨ ਕਿ ਚੰਦਨ ਦੇ ਬੂਟੇ ਦਾ ਆਲਾ-ਦੁਆਲਾ ਵੀ ਸੁਗੰਧਿਤ ਹੁੰਦਾ ਹੈ। ਇਸ ਕਰਕੇ ਉਸ ਦੇ ਨਾਲ ਦੇ ਪੌਦਿਆਂ ਵਿੱਚੋਂ ਵੀ ਸੁਗੰਧੀ ਆਉਣ ਲੱਗ ਪੈਂਦੀ ਹੈ। ਖ਼ਰਬੂਜਾ ਜਦੋਂ ਪੱਕਣ 'ਤੇ ਆਉਂਦਾ ਹੈ ਤਾਂ ਲਾਗਲੇ ਖ਼ਰਬੂਜੇ ਦੀ ਰੰਗਤ ਫੜਦਾ ਹੈ। ਸਤਿਸੰਗ ਦੀ ਮਹੱਤਤਾ ਸਬੰਧੀ ਉਹ ਆਪਣੀ ਬਾਣੀ ਵਿੱਚ ਕਹਿੰਦੇ ਹਨ:

*ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥*
*ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ ॥*
*ਮਾਧਉ ਸਤਸੰਗਤਿ ਸਰਨਿ ਤੁਮਾਰੀ॥*
*ਹਮ ਅਉਗਨ ਤੁਮ ਉਪਕਾਰੀ॥*
*ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ॥*
*ਸਤਸੰਗਤਿ ਮਿਲਿ ਰਹੀਐ ਮਾਧਿਉ ਜੈਸੇ ਮਧੁਪ ਮਖੀਰਾ॥* [9]

ਭਗਤ ਰਵਿਦਾਸ ਜੀ ਆਪਣੀ ਬਾਣੀ ਵਿੱਚ ਮਨੁੱਖ ਨੂੰ ਆਤਮਸੁਧੀ ਉੱਪਰ ਬੱਲ ਦੇਣ ਦੀ ਸਿੱਖਿਆ ਦਿੰਦੇ ਹਨ। ਉਹਨਾਂ ਨੇ ਦੱਸਿਆ ਹੈ ਕਿ ਦਿਖਾਵੇ ਦੇ ਕਰਮ ਸਭ ਨਿਸਫਲ ਹਨ ਜੇਕਰ ਮਨੁੱਖ ਅੰਦਰ ਤੋਂ ਮੈਲ ਭਰਿਆ ਅਤੇ ਨਿੰਦਕ ਹੈ। ਨਿੰਦਕ ਵਿਅਕਤੀ ਕਿਸੇ ਦਾ ਮਿੱਤਰ ਨਹੀਂ ਹੁੰਦਾ, ਐਥੋਂ ਤੱਕ ਕਿ ਆਪਣਾ ਵੀ ਨਹੀਂ। ਨਿੰਦਕ ਵਿਅਕਤੀ ਧਰਮੀ ਹੋ ਕੇ ਵੀ ਆਪਣੇ ਭਲੇ ਕੰਮਾਂ ਦੀ ਕਦਰ ਗਵਾ ਬੈਠਦਾ ਹੈ। ਕਿਉਂਕਿ ਧਰਮ ਦਾ ਕਾਰਜ ਜੀਵਨ ਨੂੰ ਸੱਚਾ-ਸੁੱਚਾ ਬਣਾਉਣਾ ਹੈ ਨਾ ਕਿ ਦਿਖਾਵੇ ਦੇ ਧਰਮੀ। ਇਸ ਕਰਕੇ ਗੁਰੂ ਰਵਿਦਾਸ ਜੀ ਆਪਣੀ ਬਾਣੀ ਵਿੱਚ ਨਿੰਦਾ ਨੂੰ ਇੱਕ ਬੁਰੀ ਪ੍ਰਵਿਰਤੀ ਗਰਦਾਨਦੇ ਹਨ। ਉਹ ਸੰਤਾਂ-ਭਗਤਾਂ ਦੀ ਨਿੰਦਾ ਪ੍ਰਤੀ ਤਾਂ ਹੋਰ ਵੀ ਕਠੋਰ ਰੱਵਈਆ ਅਪਣਾਉਂਦੇ ਹਨ। ਉਹ ਕਹਿੰਦੇ ਹਨ ਕਿ ਸੰਤ ਦੇ ਨਿੰਦਕ ਦੇ ਸਾਰੇ ਪੁੰਨ-ਕਰਮ ਅਤੇ ਜਪ-ਤਪ ਵਿਅਰਥ ਚਲੇ ਜਾਂਦੇ ਹਨ ਅਤੇ ਉਸਦਾ ਕਦੇ ਪਾਰ ਉਤਾਰਾ ਨਹੀਂ ਹੋ ਸਕਦਾ:

ਜੇ ਓਹੁ ਅਠਸਠਿ ਤੀਰਥ ਨਾਵੈ॥
ਜੇ ਓਹੁ ਦੁਆਦਸ ਸਿਲਾ ਪੂਜਾਵੈ॥
ਜੇ ਓਹੁ ਕੂਪ ਤਟਾ ਦੇਵਾਵੈ॥
ਕਰੈ ਨਿੰਦ ਸਭ ਬਿਰਥਾ ਜਾਵੈ॥
ਸਾਧ ਕਾ ਨਿੰਦਕੁ ਕੈਸੇ ਤਰੈ॥
ਸਰਪਰ ਜਾਨਹੁ ਨਰਕ ਹੀ ਪਰੈ॥ [10]

ਭਗਤ ਰਵਿਦਾਸ ਜੀ ਦੀ ਬਾਣੀ ਵਿਸ਼ੇ-ਵਿਕਾਰਾਂ ਤੋਂ ਮੁਕਤ ਸਮਾਜ ਸਿਰਜਣ ਦਾ ਉਪਦੇਸ਼ ਦਿੰਦੀ ਹੈ। ਕਿਉਂਕਿ ਵਿਸ਼ੇ-ਵਿਕਾਰਾਂ ਵਿੱਚ ਗ੍ਰਸਤ ਵਿਅਕਤੀ ਦੀ ਆਤਮਾ ਉੱਪਰ ਬੁਰੇ ਕਰਮਾਂ ਦੀ ਮੈਲ ਜੰਮ ਜਾਂਦੀ ਹੈ। ਇਸ ਕਾਰਨ ਇਹ ਵਿਸ਼ੇ-ਵਿਕਾਰ ਮਨੁੱਖ ਅੰਦਰ ਹਉਮੈਂ ਨੂੰ ਜਨਮ ਦਿੰਦੇ ਹਨ। ਹਉਮੈਂ ਗ੍ਰਸਤ ਮਨ ਸਮਾਜ ਵਿੱਚ ਸਤਿਕਾਰਿਆ ਜਾਂ ਪਿਆਰਿਆ ਨਹੀਂ ਜਾਂਦਾ। ਮਨੁੱਖੀ ਮਨ ਵਿੱਚ ਉਤਪੰਨ ਹੋਈ ਹਉਮੈਂ ਆਤਮਾ ਅਤੇ ਪਰਮਾਤਮਾ ਦਰਮਿਆਨ ਇੱਕ ਅਜਿਹੀ ਦੀਵਾਰ ਉਸਾਰ ਦਿੰਦੀ ਹੈ, ਜਿਸ ਨੂੰ ਪਾਰ ਕਰਨਾ ਕਠਿਨ ਹੋ ਜਾਂਦਾ ਹੈ। ਇਸ ਲਈ ਬਾਣੀ ਵਿੱਚ 'ਮਨ ਨੀਵਾਂ ਤੇ ਮਤ ਉੱਚੀ' ਨੂੰ ਮਨੁੱਖ ਅਤੇ ਸਮਾਜ ਦੋਵਾਂ ਲਈ ਲਾਭਦਾਇਕ ਦੱਸਿਆ ਗਿਆ ਹੈ। ਜਿਸ ਮਨੁੱਖ ਦੀ ਮਤ ਉੱਚੀ ਹੈ ਤੇ ਮਨ ਨੀਵਾਂ, ਉਸ ਕੋਲੋਂ ਹਰ ਕੋਈ ਲਾਭ ਲੈ ਸਕਦਾ ਹੈ। ਪਰੰਤੂ ਜਿਸ ਵਿਅਕਤੀ ਦਾ ਮਤ ਉੱਚਾ ਹੈ ਪਰ ਮਨ ਨੀਵਾਂ ਨਹੀਂ ਹੈ, ਉਸ ਦੇ ਲਾਗੇ ਕੋਈ ਨਹੀਂ ਲਗਦਾ। ਅਜਿਹੇ ਵਿਅਕਤੀ ਨੂੰ ਆਪਣੇ ਜੀਵਨ-ਮਨੋਰਥ ਦੀ ਸੋਝੀ ਨਹੀਂ ਰਹਿੰਦੀ ਅਤੇ ਵਿਸ਼ੇ-ਵਿਕਾਰ ਉਸ ਦੇ ਮਨ ਨੂੰ ਅਵਿੱਦਿਆ ਦੁਆਰਾ ਨਪੀੜ ਕੇ ਉਸ ਦੀ ਬੁੱਧ-ਵਿਵੇਕ ਦਾ ਦੀਪਕ ਬੁਝਾ ਦਿੰਦੇ ਹਨ। ਇਸ ਬਾਰੇ ਗੁਰੂ ਰਵਿਦਾਸ ਜੀ ਫ਼ਰਮਾਉਂਦੇ ਹਨ:

*ਕੂਪ ਭਰਿਓ ਜੈਸੇ ਦਾਦਿਰਾ॥*
*ਕਛੁ ਦੇਸੁ ਬਿਦੇਸੁ ਨ ਬੂਝ॥*
*ਐਸੇ ਮੇਰਾ ਮਨੁ ਬਿਖਿਆ ਬਿਮੋਹਿਆ॥*
*ਕਛੁ ਆਰਾ ਪਾਰੁ ਨ ਸੂਝ॥* [11]

ਇਸਦੇ ਉਲਟ ਨਿਮਰਤਾ ਭਰਪੂਰ ਮਨ ਸਦਾ ਆਨੰਦ ਹੀ ਮਾਣਦਾ ਹੈ। ਨਿਮਰਤਾ ਅਤੇ ਪ੍ਰੇਮ-ਭਗਤੀ ਨਾਲ ਮਨੁੱਖ ਅਤੇ ਪਰਮਾਤਮਾ ਦੋਵਾਂ ਨੂੰ ਜਿੱਤਿਆ ਜਾ ਸਕਦਾ ਹੈ। ਨਿਮਰਤਾ ਅਤੇ ਪ੍ਰੇਮ ਵੰਡਣ ਵਾਲਾ ਮਨੁੱਖ ਹਰ ਇੱਕ ਦਾ ਪਿਆਰਾ ਹੁੰਦਾ ਹੈ। ਅਜਿਹਾ ਵਿਅਕਤੀ ਹਰ ਇੱਕ ਨੂੰ ਪਰਸਪਰ ਪਿਆਰ ਦੀ ਗੁੜ੍ਹਤੀ ਦਿੰਦਾ ਹੋਇਆ ਸਮਾਜ ਨੂੰ ਜੋੜਦਾ ਹੈ, ਅੱਗੇ ਤੋਰਦਾ ਹੈ ਤੇ ਸਮਾਜ ਦੇ ਮਾਹੌਲ ਨੂੰ ਸੁਖਾਵਾਂ ਬਣਾਉਂਦਾ ਹੈ। ਦੂਜੇ ਪਾਸੇ ਅਹੰਕਾਰੀ ਮਨੁੱਖ ਸਦਾ ਅਹੰਕਾਰ ਨਾਲ ਫੁੱਲਿਆ ਰਹਿੰਦਾ ਹੈ। ਉਸਦੇ ਨੇੜੇ ਕੋਈ ਨਹੀਂ ਲਗਦਾ। ਇਸ ਬਾਰੇ ਗੁਰੂ ਰਵਿਦਾਸ ਜੀ ਕਹਿੰਦੇ ਹਨ:

*ਜਬ ਹਮ ਹੋਤੇ ਤਬ ਤੂ ਨਾਹੀਂ॥*
*ਅਬ ਤੂ ਹੀ ਮੈਂ ਨਾਹੀਂ॥* [12]

ਭਗਤ ਰਵਿਦਾਸ ਜੀ ਦੀ ਬਾਣੀ ਵਿੱਚ ਪੇਸ਼ ਇਸ ਤਰ੍ਹਾਂ ਦੇ ਸਹਿਜਮਈ ਬੋਲ ਉਸ ਸਮਾਜ ਅਤੇ ਵਿਅਕਤੀ ਲਈ ਆਦਰਸ਼ਕ ਮਾਡਲ ਹਨ ਜੋ ਸੰਪਰਦਾਇਕ ਵੰਡੀਆਂ ਵਿੱਚ ਆਪਣੇ ਮੂਲ ਸੱਚ ਨੂੰ ਭੁੱਲੀ ਬੈਠੇ ਹਨ। ਮੂਲ ਸੱਚ ਤਾਂ ਇਹ ਹੈ ਕਿ ਵਿਅਕਤੀ ਨੇ ਇੱਕ-ਦੂਜੇ ਦੀ ਹੋਂਦ ਦੇ ਦਿਦਾਰ ਕਰ, ਆਪਣੀ ਜੋਤ ਰਾਹੀਂ ਵੱਡੇ ਸੱਚ

ਨੂੰ ਪ੍ਰਾਪਤ ਕਰਨਾ ਹੈ। ਜਦ ਕਿ ਅੱਜ ਸਾਡੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਸਾਡੇ ਸੱਭਿਆਚਾਰ ਅਤੇ ਰਾਜਨੀਤੀ ਵਿੱਚ ਕੋਈ ਸੁਰਤਾਲ ਨਾ ਹੋਣ ਕਾਰਨ ਪਰਜਾ ਦੀ ਲੁੱਟ-ਖਸੁੱਟ ਵਿੱਚ ਦਿਨ-ਬ-ਦਿਨ ਵਾਧਾ ਹੋ ਰਿਹਾ ਹੈ ਅਤੇ ਰਾਜਨੀਤਿਕ ਲੋਕ ਆਪਣੀ ਨਿੱਜੀ ਮਲਕੀਅਤ ਵਿੱਚ ਦਿਨ-ਪ੍ਰਤੀ-ਦਿਨ ਮੁਨਾਫ਼ਾ ਕਰ ਰਹੇ ਹਨ। ਅਜੋਕੇ ਮਨੁੱਖ ਨੂੰ ਸਮਾਜ ਦੇ ਇਸ ਮਾਡਲ ਦੀ ਥਾਂ ਗੁਰੂ ਰਵਿਦਾਸ ਜੀ ਦੁਆਰਾ ਸਿਰਜੇ ਆਦਰਸ਼ਕ ਸਮਾਜ ਦੇ ਮਾਡਲ ਵੱਲ ਅਗਰਸਰ ਹੋਣਾ ਚਾਹੀਦਾ ਹੈ। ਇਸ ਦੇ ਲਈ ਮਨੁੱਖ ਨੂੰ ਆਤਮਕ ਬੱਲ ਰਾਹੀਂ ਮਾਨਵ ਵਿਰੋਧੀ ਕਦਰਾਂ-ਕੀਮਤਾਂ ਨੂੰ ਨਕਾਰਨਾ ਪਵੇਗਾ। ਕਿਉਂਕਿ ਮਨੁੱਖ ਦਾ ਉਦੇਸ਼ ਤਾਂ ਅਰਥਹੀਣ ਵਿਵਸਥਾ ਨੂੰ ਰੱਦ ਕਰ ਨਵੇਂ ਮੁੱਲਾਂ ਦੀ ਸਥਾਪਨਾ ਦੁਆਰਾ ਪੂਰਨ ਮਨੁੱਖ ਬਣਨਾ ਹੈ। ਇਸਦੇ ਸਮਾਧਾਨ ਲਈ ਵਿਅਕਤੀ ਨੂੰ ਆਪਣੇ ਮੁੱਲਵਾਨ ਰਚਨਾਤਮਕ ਵਿਰਸੇ ਨਾਲ ਜੁੜਨਾ ਪਵੇਗਾ। ਰਵਿਦਾਸ ਬਾਣੀ ਦੇ ਮੁੱਲਵਾਨ ਵਿਚਾਰ ਅੱਜ ਵੀ ਅਜਿਹਾ ਆਦਰਸ਼ਕ ਸਮਾਜ ਉਸਾਰ ਸਕਦੇ ਹਨ ਜਿਸ ਵਿੱਚ ਵਿਅਕਤੀ ਆਪਣੀ ਹੋਂਦ ਨਵੇਂ ਸੱਚਾਂ ਨਾਲ ਜੋੜ ਸਕੇ।

## *ਹਵਾਲੇ ਅਤੇ ਟਿੱਪਣੀਆ*


1. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।, ਪੰਨਾ: 345*
2. *ਉਹੀ , ਪੰਨਾ: 733*
3. *ਉਹੀ, ਪੰਨਾ: 345*
4. *ਉਹੀ, ਪੰਨਾ: 659*
5. *ਉਹੀ, ਪੰਨਾ: 858*
6. *ਸ. ਅਮਰ ਸਿੰਘ (ਸੰਪਾ), ਬਾਣੀ ਭਗਤ ਰਵਿਦਾਸ ਜੀ ਕੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰਨਾ: 11*
7. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।, ਪੰਨਾ: 525*
8. *ਉਹੀ, ਪੰਨਾ: 1293*
9. *ਉਹੀ, ਪੰਨਾ: 486*
10. *ਉਹੀ, ਪੰਨਾ: 875*
11. *ਉਹੀ, ਪੰਨਾ: 346*
12. *ਉਹੀ, ਪੰਨਾ: 657*


## *Cite this Article-*


*ਡਾ. ਬੀਰਬਲ ਸਿੰਘ (Dr. Birbal Singh), ਭਗਤ ਰਵਿਦਾਸ ਬਾਣੀ: ਆਦਰਸ਼ਕ ਸਮਾਜ ਸਿਰਜਣਾ ਦਾ ਮਾਡਲ (Bhagat Ravidas Bani: Aadarshak Samaaj Sirjana Da Model), ਅਰਮਾਨ (ARMAAN), ISSN: 2583-9446 (O), Volume- 4, Issue- 2, April-June 2026, Page: 29-33*

*Journal URL: www.armaan.org.in*

*DOI: https://doi.org/10.64119/armaan.vol.4.issue2.06*



CC BY NC

*This article is an open access article published under the terms and conditions of the Creative Commons Attribution (CC BY-NC 4.0) license. https://creativecommons.org/licenses/by-nc/4.0/*